# ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਸ ਵੈਲਫੇਅਰ ਬੋਰਡ
17 ਬੇਜ਼ ਬਿਲਡਿੰਗ ਸੈਕਟਰ 17 ਡੀ, ਚੰਡੀਗੜ੍ਹ
(0172-2540125)

ਨੰ:ਪਬਕਵਵਬ/2016/9538 ਮਿਤੀ: 24.11.16

## ਹੁਕਮ

ਇਸ ਦਫ਼ਤਰ ਦੇ ਹੁਕਮ ਮਿਤੀ 15.4.2013 ਜਿਸ ਰਾਹੀਂ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਪੰਜਾਬ ਦੇ ਪੰਚਾਇਤ ਸਕੱਤਰਾਂ ਅਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਬਿਲਡਿੰਗ ਐਂਡ ਕੰਸਟਰਕਸ਼ਨ ਵਰਕਰਜ਼ (ਰੈਗੂਲੇਸ਼ਨ ਆਫ਼ ਇੰਮਪਲਾਇਮੈਂਟ ਐਂਡ ਕੰਡੀਸ਼ਨਜ਼ ਆਫ਼ ਸਰਵਿਸ) ਐਕਟ, 1996 ਅਧੀਨ ਬਣੇ ਪੰਜਾਬ ਬਿਲਡਿੰਗ ਐਂਡ ਕੰਸਟਰਕਸ਼ਨ ਵਰਕਰਜ਼ (ਰੈਗੂਲੇਸ਼ਨ ਆਫ਼ ਇੰਮਪਲਾਇਮੈਂਟ ਐਂਡ ਕੰਡੀਸ਼ਨਜ਼ ਆਫ਼ ਸਰਵਿਸ) ਰੂਲਜ਼, 2008 ਦੇ ਰੂਲ 260(4) ਅਧੀਨ ਉਸਾਰੀ ਕਿਰਤੀਆਂ ਦੀ 'ਲਾਭਪਾਤਰੀ' ਵਜੋਂ ਰਜਿਸਟਰੇਸ਼ਨ ਕਰਨ ਲਈ ਬਤੌਰ "ਰਜਿਸਟਰਿੰਗ ਅਫ਼ਸਰ" ਨਿਯੁਕਤ ਕੀਤਾ ਗਿਆ ਸੀ, ਦੇ ਸਬੰਧ ਵਿੱਚ ਬੋਰਡ ਵੱਲੋਂ ਆਪਣੀ 23ਵੀਂ ਮੀਟਿੰਗ ਮਿਤੀ 9.11.2016 ਵਿੱਚ ਲਏ ਗਏ ਫੈਸਲੇ ਅਨੁਸਾਰ ਇਸ ਦਫ਼ਤਰ ਵੱਲੋਂ ਜਾਰੀ ਹੁਕਮ ਨੰ:ਪਬਕਵਵਬ/2016/9240 ਮਿਤੀ 23.11.2016 ਰਾਹੀਂ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਪੰਜਾਬ ਦੇ ਪੰਚਾਇਤ ਸਕੱਤਰਾਂ ਨੂੰ ਉਸਾਰੀ ਕਿਰਤੀਆਂ ਦੀ 'ਲਾਭਪਾਤਰੀ' ਵਜੋਂ ਰਜਿਸਟਰੇਸ਼ਨ ਕਰਨ ਲਈ ਬਤੌਰ "ਰਜਿਸਟਰਿੰਗ ਅਫ਼ਸਰ" ਦਿੱਤੇ ਅਧਿਕਾਰਾਂ ਨੂੰ ਸਮਾਪਤ ਕਰ ਦਿੱਤਾ ਗਿਆ ਹੈ।

ਉਕਤ ਹੁਕਮਾਂ ਦੀ ਲਗਾਤਾਰਤਾ ਵਿੱਚ ਬੋਰਡ ਵੱਲੋਂ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਪੰਜਾਬ ਦੇ ਹੇਠ ਲਿਖੇ ਅਧਿਕਾਰੀਆਂ ਨੂੰ ਪੰਜਾਬ ਬੀ.ਓ.ਸੀ.ਡਬਲਿਯੂ. ਰੂਲਜ਼, 2008 ਦੇ ਰੂਲ 260 ਦੇ ਸਬ-ਰੂਲ (4) ਅਧੀਨ ਉਸਾਰੀ ਕਿਰਤੀਆਂ ਦੀ 'ਲਾਭਪਾਤਰੀ' ਵਜੋਂ ਰਜਿਸਟਰੇਸ਼ਨ ਕਰਨ ਲਈ ਬਤੌਰ "ਰਜਿਸਟਰਿੰਗ ਅਫ਼ਸਰ" ਨਿਯੁਕਤ ਕੀਤਾ ਜਾਂਦਾ ਹੈ:-

| ਲੜੀ ਨੰ: | ਵਿਭਾਗ ਦਾ ਨਾਂ | ਅਫ਼ਸਰ ਦਾ ਅਹੁਦਾ |
|---|---|---|
| 1. | ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਪੰਜਾਬ | ਵਿਭਾਗ ਦੇ ਸਾਰੇ<br>1) ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ,<br>2) ਸੋਸ਼ਲ ਸਿੱਖਿਆ ਅਤੇ ਪੰਚਾਇਤ ਅਫ਼ਸਰ,<br>3) ਜੂਨੀਅਰ ਇੰਜੀਨਿਅਰ,<br>4) ਪੰਚਾਇਤ ਅਫ਼ਸਰ। |

ਇਹ ਹੁੱਕਮ ਤੁਰੰਤ ਲਾਗੂ ਹੋਣਗੇ।

23/11/16
ਸਕੱਤਰ ਬੋਰਡ

ਪਿਠਅੰਕਣ ਨੰ:ਪਬਕਵਵਬ/2016/9539—9545 ਮਿਤੀ: 24.11.16

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਇਸ ਦਫ਼ਤਰ ਦੇ ਪਿਠਅੰਕਣ ਨੰ: ਪਬਕਵਵਬ/2012-13/1351-164 ਮਿਤੀ 17.04.2013 ਅਤੇ ਨੰ: ਪਬਕਵਵਬ/2016/9241-9247 ਮਿਤੀ 23.11.2016 ਦੀ ਲਗਾਤਾਰਤਾ ਵਿੱਚ ਸੂਚਨਾਂ ਅਤੇ ਜਰੂਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਕਿਰਤ ਵਿਭਾਗ, ਚੰਡੀਗੜ੍ਹ।

2. ਪ੍ਰਮੁੱਖ ਸਕੱਤਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਚੰਡੀਗੜ੍ਹ।
3. ਕਿਰਤ ਕਮਿਸ਼ਨਰ, ਪੰਜਾਬ ਚੰਡੀਗੜ੍ਹ।
4. ਵਧੀਕ ਡਾਇਰੈਕਟਰ ਆਫ਼ ਫੈਕਟਰੀਜ਼-ਕਮ-ਸਲਾਹਕਾਰ ਬੋਰਡ.
5. ਰਾਜ ਦੇ ਸਾਰੇ ਸਹਾਇਕ ਕਿਰਤ ਕਮਿਸ਼ਨਰ ਅਤੇ ਕਿਰਤ ਤੇ ਸੁਲਾਹ ਅਫ਼ਸਰ।
6. ਰਾਜ ਦੇ ਸਾਰੇ ਕਿਰਤ ਇੰਸਪੈਕਟਰ ਗ੍ਰੇਡ-1, ਗ੍ਰੇਡ-2 ਅਤੇ ਲੇਬਰ ਇੰਨਫੋਰਸਮੈਂਟ ਅਫ਼ਸਰ ਗ੍ਰੇਡ-2.

ਡਿਪਟੀ ਸਕੱਤਰ

ਪਿਠਅੰਕਣ ਨੰ:ਪਬਕਵਵਬ/2016/ ਮਿਤੀ:

ਇਸ ਦਾ ਇੱਕ ਉਤਾਰਾ ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਫੇਜ਼-8, ਮੁਹਾਲੀ ਨੂੰ ਇਸ ਦਫ਼ਤਰ ਦੇ ਪਿਠਅੰਕਣ ਨੰ:ਪਬਕਵਵਬ/2012-13/1371-1372 ਮਿਤੀ 17.04.2013 ਅਤੇ ਨੰ:ਪਬਕਵਵਬ/2016/9248-9249 ਮਿਤੀ 23.11.2016 ਦੀ ਲਗਾਤਾਰਤਾ ਵਿੱਚ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਕੰਮ ਕਰਦੇ ਸਾਰੇ ਬੀ.ਡੀ.ਪੀ.ਓਜ਼., ਐਸ.ਈ.ਪੀ.ਓਜ਼., ਜੇ.ਈਜ਼. ਅਤੇ ਪੰਚਾਇਤ ਅਫ਼ਸਰਾਂ ਨੂੰ ਉਪਰੋਕਤ ਹੁਕਮ ਨੋਟ ਕਰਵਾ ਲਏ ਜਾਣ।

ਡਿਪਟੀ ਸਕੱਤਰ

ਪਿਠਅੰਕਣ ਨੰ:ਪਬਕਵਵਬ/2016/ ਮਿਤੀ:

ਇਸ ਦਾ ਇੱਕ ਉਤਾਰਾ ਨਿੱਜੀ ਸਕੱਤਰ ਟੂ ਮੁੱਖ ਸਕੱਤਰ ਪੰਜਾਬ ਸਰਕਾਰ, ਚੰਡੀਗੜ੍ਹ ਨੂੰ ਇਸ ਦਫ਼ਤਰ ਦੇ ਪਿਠਅੰਕਣ ਨੰ: ਪਬਕਵਵਬ/2012-13/1373 ਮਿਤੀ 17.04.2013 ਅਤੇ ਨੰ: ਪਬਕਵਵਬ/2016/9250 ਮਿਤੀ 23.11.2016 ਦੀ ਲਗਾਤਾਰਤਾ ਵਿੱਚ ਮਾਨਯੋਗ ਮੁੱਖ ਸਕੱਤਰ ਜੀ ਦੀ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਸਕੱਤਰ